




ਅਸੀ ਪੇਰੇਂਟ, ਸਿੱਖਿਅਕ, ਲੇਬਰ ਲੀਡਰਾਂ ਅਤੇ ਟੈਕਸਪੇਅਰ ਵਜੋਂ ਲਿੱਖ ਰਹੇ ਹਾਂ ਜੋ ਪਬਲਿਕਲੀ-ਫੰਡਿਡ ਐਜੁਕੇਸ਼ਨ ਨੂੰ ਸੁਰੱਖਿਅਤ ਕਰਨ ਲਈ ਅਤੇ ਵਧਾਉਣ ਲਈ ਸਮਰਪਿਤ ਹੈ।

ਓਂਟਾਰੀਓ ਨੇ ਦੁਨੀਆ ਦੀਆਂ ਬੇਹਤਰੀਨ ਸਿੱਖਿਆ ਪ੍ਰਣਾਲੀਆ ਵਿੱਚੋਂ ਇੱਕ ਨਿਰਮਿਤ ਕੀਤਾ ਹੈ। ਇਸ ਨੇ ਮਹੱਤਪੂਰਨ ਸੁਧਾਰ ਦੇਖੇ ਹਨ ਜਿਸ ਕਾਰਨ ਸਾਡੇ ਵਿਦਿਆਰਥੀਆਂ ਅਤੇ ਸੂਬੇ ਲਈ ਬਿਹਤਰ ਨਤੀਜੇ ਨਿਕਲੇ ਹਨ।

15 ਮਾਰਚ, 2019 ਨੂੰ ਸਿੱਖਿਆ ਮੰਤਰੀ, ਲਿਸਾ ਥਾਮਸਨ ਨੇ ਇਸ ਹਕੀਕਤ ਤੋਂ ਪਰਦਾ ਚੁੱਕਿਆ ਜਿਸ ਨੂੰ ਡਗ ਫੋਰਡ (Doug Ford) ਅੱਤੇ ਉਹਨਾਂ ਦੀ ਸਰਕਾਰ *ਸਿੱਖਿਆ* ਦੇ ਲਈ ਆਪਣਾ ਨਵਾਂ ਵਿਜ਼ਨ ਦੱਸ ਰਹੇ ਹਨ।

ਉਹਨਾਂ ਦੀ *ਯੋਜਨਾ* ਸਾਡੇ ਵੱਲੋਂ ਕੀਤੀਆਂ ਗਈਆਂ ਸਾਰੀਆਂ ਤਰੱਕੀਆਂ ਨੂੰ ਖਤਰੇ ਵਿੱਚ ਪਾਉਂਦੀ ਹੈ।

ਉਹਨਾਂ ਦੀ ਯੋਜਨਾ ਓਂਟਾਰੀਓ ਦੇ ਵਿਦਿਆਰਥੀਆਂ ਦੀਆਂ ਲੋੜਾਂ ਦਾ ਸਮਰਥਨ ਕਰਨ ਅਤੇ ਉਹਨਾਂ ਨੂੰ ਪੂਰਾ ਕਰਨ ਲਈ ਅਸਫਲ ਹੈ। ਆਪਣੇ ਬੱਚਿਆਂ, ਉਹਨਾਂ ਦੇ ਭਵਿੱਖਾਂ ਅਤੇ ਸਾਡੇ ਆਰਥਿਕ ਵਿਕਾਸ ਨੂੰ ਘੱਟ ਮਹੱਤਵ ਦੇਣਾ ਇੱਕ ਨਿਰਣਾਇਕ ਕਦਮ ਹੈ।

ਉਹਨਾਂ ਦੀ *ਯੋਜਨਾ* ਦੇ ਅਨੁਸਾਰ ਜਮਾਤ ਵਿੱਚ ਬੱਚਿਆਂ ਦੀ ਸੰਖਿਆ ਵਿੱਚ ਵਾਧਾ ਹੋਵੇਗਾ, ਜਿਸ ਨਾਲ ਸਿੱਧੇ ਤੌਰ ਤੇ ਅਧਿਆਪਕਾਂ, ਸਿੱਖਿਅਕਾਂ ਅਤੇ ਸਪੋਰਟ ਸਟਾਫ ਵੱਲੋਂ ਤੁਹਾਡੇ ਬੱਚੇ ਨਾਲ ਬਿਤਾਏ ਜਾਣ ਵਾਲੇ ਸਮੇਂ ਵਿੱਚ ਕਮੀ ਆਏਗੀ।

ਉਹਨਾਂ ਦੀ *ਯੋਜਨਾ* ਤੁਹਾਡੇ ਬੱਚੇ ਨੂੰ ਘੱਟੋ-ਘੱਟ ਚਾਰ ਔਨਲਾਈਨ ਕੋਰਸ ਲੈਣ ਲਈ ਮਜਬੂਰ ਕਰੇਗੀ, ਜਿਸ ਨਾਲ ਤੁਹਾਡੇ ਬੱਚਿਆਂ ਕੋਲ ਅਧਿਆਪਕਾਂ ਅਤੇ ਸਾਥੀਆਂ ਨਾਲ ਬਿਤਾਉਣ ਲਈ ਸਮਾਂ ਹੋਰ ਘੱਟ ਜਾਏਗਾ।

ਫੁਲ-ਡੇ ਕਿੰਡਰਗਾਰਟਨ ਤੋਂ ਲੈਕੇ ਗ੍ਰੇਡ 12 ਤੱਕ, ਸਿੱਖਿਆ ਇੱਕ ਨਿਵੇਸ਼ ਹੈ ਜੋ ਭਵਿੱਖ ਵਿੱਚ ਬਿਹਤਰ ਨੌਕਰੀਆਂ, ਵੱਧ ਤਨਖਾਹਾਂ ਅਤੇ ਇੱਕ ਸਿਹਤਮੰਦ ਸੂਬੇ ਦੇ ਰੂਪ ਵਿੱਚ ਨਤੀਜੇ ਲਿਆਉਂਦਾ ਹੈ।

ਫੋਰਡ ਸਰਕਾਰ ਦੀਆਂ ਸਕੂਲ ਬੋਰਡਾਂ ਲਈ ਪ੍ਰਸਤਾਵਿਤ ਕਟੌਤੀਆਂ, ਪਬਲਿਕਲੀ-ਫੰਡਿਡ ਸਿੱਖਿਆ ਪ੍ਰਣਾਲੀ ਉੱਤੇ ਵਾਧੂ ਦਾ ਭਾਰ ਪਾਉਂਦੀਆਂ ਹਨ। ਇਸ ਤੋਂ ਭਾਵ ਹੈ ਕਿ ਵਿਸ਼ੇਸ਼ ਪ੍ਰੋਗਰਾਮ ਜਿਵੇਂ ਵਪਾਰ ਕੇਂਦ੍ਰਿਤ ਪ੍ਰੋਗਰਾਮ, ਕਲਾਵਾਂ, ਵਿਸ਼ੇਸ਼ ਸਿੱਖਿਆ ਅਤੇ ਹੋਰ ਮਹੱਤਪੂਰਨ ਪ੍ਰੋਗਰਾਮ (ਅਰਥਾਤ International Baccalaureate, Advanced Placement, gifted ਅਤੇ outdoor education) ਰੱਦ ਹੋਣ ਦੇ ਖਤਰੇ ਵਿੱਚ ਹੋਣਗੇ।

ਫੋਰਡ ਸਰਕਾਰ ਵੱਲੋਂ ਦੱਸੀਆਂ ਗਈਆਂ ਕਟੌਤੀਆਂ ਤੋਂ ਭਾਵ ਹੈ ਓਂਟਾਰੀਓ ਦੇ ਹਰ ਬੱਚੇ ਲਈ ਘੱਟ ਸੁਵਿਧਾਵਾਂ। ਉਹਨਾਂ ਦੇ ਹੇਠ ਲਿਖੇ ਨਤੀਜੇ ਹੋਣਗੇ:

- ਵਾਧੂ ਸਹਾਇਤਾ ਅਤੇ ਅਗਵਾਈ ਦੀ ਲੋੜ ਵਾਲੇ ਵਿਦਿਆਰਥੀਆਂ ਦਾ ਸਮਰਥਨ ਕਰਨ ਵਾਸਤੇ ਕਲਾਸ ਵਿੱਚ ਤੇ ਕਲਾਸ ਤੋਂ ਬਾਹਰ ਸਮਾਂ ਬਿਤਾਉਣ ਲਈ ਅਧਿਆਪਕਾਂ ਕੋਲ ਘੱਟ ਸਮਾਂ ਹੋਵੇਗਾ
- ਬੱਚਿਆਂ ਲਈ ਉਪਲਬਧ ਘੱਟ ਕੋਰਸ ਜਿਵੇਂ ਜਿਵੇਂ ਉਹ ਪਰਿਕਿਰਿਆ ਵਿੱਚੋਂ ਲੰਘਦੇ ਹਨ
- ਸਲਾਹਕਾਰਾਂ, ਸਿੱਖਿਅਕ ਸਹਾਇਕਾਂ, ਥੈਰੇਪਿਸਟਾਂ, ਸਾਈਕੋਲੋਜਿਸਟਾਂ, ਸਮਾਜਕ ਕਰਮਚਾਰੀਆਂ,  ਛੋਟੀ ਉਮਰ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਅਤੇ ਸਿੱਖਿਆ ਟੀਮ ਦੇ ਹੋਰਾਂ ਮਹੱਤਪੂਰਨ ਸਦੱਸਾਂ ਤੱਕ ਘੱਟ ਪਹੁੰਚ
- ਵਾਧੂ ਪ੍ਰੋਗਰਾਮਾਂ, ਕਲੱਬਾਂ, ਅਤੇ ਟੀਮਾਂ ਵਾਸਤੇ ਸਮਾਂ ਦੇਣ ਲਈ ਸਕੂਲ ਵਿੱਚ ਘੱਟ ਪੇਸ਼ੇਵਰ ਉਪਲਬਧ ਹੋਣਗੇ
- ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦਾ ਸਮਰਥਨ ਕਰਨ ਲਈ ਘੱਟ ਪੇਸ਼ੇਵਰ ਉਪਲਬਧ ਹੋਣੇਗੇ

ਵਾਸਤਵਿਕ ਵਿੱਤੀ ਜ਼ਿੰਮੇਦਾਰੀ ਤੋਂ ਭਾਵ ਹੈ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਿੱਚ ਨਿਵੇਸ਼ ਕਰਨਾ। ਵਾਸਤਵਿਕ ਵਿੱਤੀ ਜ਼ਿੰਮੇਦਾਰੀ ਤੋਂ ਭਾਵ ਹੈ ਇਹ ਯਕੀਨੀ ਕਰਨਾ ਕਿ ਸਾਡੀ ਸਿੱਖਿਆ ਪ੍ਰਣਾਲੀ ਸਾਰੇ ਵਿਦਿਆਰਥੀਆਂ ਨੂੰ ਸਫਲਤਾ ਪ੍ਰਾਪਤ ਕਰਨ ਦਾ ਅਵਸਰ ਪ੍ਰਦਾਨ ਕਰਨ ਦੇ ਯੋਗ ਹੈ। ਇਸ ਤੋਂ ਭਾਵ ਹੈ ਕਿ ਸਰਕਾਰੀ ਸਿੱਖਿਆ ਫੰਡਿੰਗ ਵਿੱਚ ਨਿਵੇਸ਼ ਕਰਨਾ, ਨਾ ਕਿ ਕਟੌਤੀਆਂ।

ਅਸੀਂ ਇੱਥੇ ਵਿਦਿਆਰਥੀਆਂ ਦੀ ਸਹਾਇਤਾ ਲਈ ਹਾਜ਼ਰ ਹਾਂ। ਅਸੀਂ ਜਾਣਦੇ ਹਾਂ ਕਿ ਤੁਸੀਂ ਵੀ ਹੋ।

ਸਾਡੀ ਵੈੱਬਸਾਈਟ www.hereforstudents.ca ‘ਤੇ ਜਾਓ। ਉੱਥੇ ਜਾ ਕੇ, ਆਪਣੇ MPP ਨੂੰ ਸੰਦੇਸ਼ ਭੇਜੋ—ਉਹਨਾਂ ਨੂੰ ਦੱਸੋ ਕਿ ਤੁਸੀਂ ਜਮਾਤ ਵਿੱਚ ਬੱਚਿਆਂ ਦੀ ਸੰਖਿਆ ਵਿੱਚ ਵਾਧੇ ਅਤੇ ਪ੍ਰੋਗਰਾਮਾਂ ਦੀ ਸੰਖਿਆ ਵਿੱਚ ਕਟੌਤੀ ਦਾ ਸਮਰਥਨ ਨਹੀਂ ਕਰਦੇ।

ਹਾਰਵੇ ਬਿਸ਼ੋਪ (Harvey Bischof), ਪ੍ਰਧਾਨ
Ontario Secondary School Teachers’ Federation (OSSTF/FEESO)

ਸੈਮ ਹੈਂਮਡ (Sam Hammond), ਪ੍ਰਧਾਨ
Elementary Teachers’ Federation of Ontario (ETFO)

ਰੇਮੀ ਸਬੋਰਿਨ (Rémi Sabourin), ਪ੍ਰਧਾਨ
Association des enseignantes et des enseignants franco-ontariens (AEFO)

ਲੀਜ਼ ਸਟੂਅਰਟ (Liz Stuart), ਪ੍ਰਧਾਨ
Ontario English Catholic Teachers’ Association (OECTA)